Exam. Code : 108101
Subject Code : 1989

# Bachelor of Fine Art 1st Semester

## PUNJABI COMPULSORY

### Paper–VII (i)

Time Allowed—3 Hours] [Maximum Marks—50

**ਨੋਟ** :— ਪ੍ਰਸ਼ਨ-ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿੱਚੋਂ **ਦੋ** ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ-ੳ**

1. ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਮੱਲ ਬਨੇਰਾ ਸਬਜਾਂ ਬੈਠੀ,
ਰਾਹ ਸੈਦੇ ਦਾ ਵੇਖੇ।
ਕੰਨ ਘੋੜੀ ਦੀਆਂ ਟਾਪਾਂ ਵੱਲੇ
ਦਿਲ ਵਿਚ ਕਰਦੀ ਲੇਖੇ
ਛਮ ਛਮ ਕਰਦੀ ਬੱਕੀ ਆਈ
ਮਹਿੰਦੀ ਨਾਲ ਸ਼ਿੰਗਾਰੀ।
ਸਿਰ ਸੈਦੇ ਦੇ ਪੰਜ ਰੰਗ ਚੀਰਾ
ਪੈਰ ਜੁੱਤੀ ਪੋਠੋਹਾਰੀ

ਜਾਂ



Scanned with CamScanner

ਹਾਇ ਨਾ ਧਰੀਕ ਸਾਨੂੰ
ਹਾਇ ਵੇ ਨਾ ਮਾਰ ਖਿੱਚਾਂ
ਹਾਇ ਨਾ ਵਿਛੋੜ ਗਲ
ਲੱਗਿਆਂ ਨੂੰ ਪਾਪੀਆ
ਹਾਇ ਨਾ ਤੁੱਣਕੇ, ਮਾਰੀਂ
ਖਿੱਚ ਨਾ ਫਟੱਕ ਦੇ ਕੇ
ਵਰਿਆਂ ਦੀ ਲੱਗੀ ਸਾਡੀ
ਤੋੜ ਨਾ ਸਰਾਪੀਆ। 10

2. ਕਿਸੇ **ਇਕ** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :
(1) ਜਵਾਨ ਪੰਜਾਬ
(2) ਧਰਤੀ ਦੇ ਹੇਠਾਂ। 10

**ਭਾਗ-ਅ**

3. 'ਅਫ਼ਰੀਕਾ ਦੀ ਯਾਦ' ਨਿਬੰਧ ਦਾ ਸਾਰ ਲਿਖੋ। 10
4. 'ਹਿੰਦੁਸਤਾਨ ਛੋੜ ਦੋ' ਨਿਬੰਧ ਦੀ ਲਿਖਣ ਸ਼ੈਲੀ 'ਤੇ ਆਪਣੇ ਵਿਚਾਰ ਪੇਸ਼ ਕਰੋ। 10

**ਭਾਗ-ੲ**

5. ਕਿਸੇ **ਇਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਲਿਖੋ।
(1) ਮੇਰੇ ਪਿਆਰੇ ਦਾਦੀ ਜੀ
(2) ਚਾਪਲੂਸੀ ਇਕ ਕਲਾ ਹੈ
(3) ਸਵੇਰ ਦੀ ਸੈਰ। 10
6. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

ਚਿੱਤਰਕਲਾ ਵਿਚ ਪਹਾੜੀ ਕਲਮ ਹੀ ਸਭ ਤੋਂ ਵੱਧ ਨਿਖਰੀ ਤੇ ਵਿਗਸੀ ਹੈ, ਖਾਸ ਤੌਰ ਉਤੇ ਕਾਂਗੜਾ ਕਲਮ ਦੇ ਚਿੱਤਰ। ਕਾਂਗੜਾ ਇਕ ਤਾਂ ਪੰਜਾਬ ਦੀਆਂ ਨਿੱਤ ਦੀਆਂ **ਉਪਰ-ਥਲੀਆਂ** ਤੋਂ ਬਚਿਆ ਰਿਹਾ ਤੇ ਇਥੇ ਕਲਾ ਦੇ ਸਿਰਜਣ ਤੇ **ਵਿਗਸਣ** ਦੇ ਸਾਰੇ ਅਵਸਰ ਪ੍ਰਾਪਤ ਰਹੇ। ਦੂਜਾ ਇਥੋਂ ਦੇ ਪ੍ਰਕ੍ਰਿਤਕ ਦ੍ਰਿਸ਼ ਲੋਕ-ਕਲਾਕਾਰਾਂ ਦੀਆਂ ਭਾਵਨਾਵਾਂ ਨੂੰ ਹਲੂਣਦੇ ਰਹੇ। ਪਹਾੜੀ ਸਕੂਲ ਦੀਆਂ ਪ੍ਰਮੁੱਖ ਕਲਾ-ਕਿਰਤੀਆਂ ਵਿਚ



Scanned with CamScanner

ਕ੍ਰਿਸ਼ਨ ਲੀਲਾ ਤੇ ਰਾਗਮਾਲਾ ਦੇ ਚਿੱਤਰ ਮਿਲਦੇ ਹਨ। ਹਰ ਰਾਗ ਨੂੰ ਅਕਾਰ ਤੇ ਰੰਗਾਂ ਦੁਆਰਾ ਚਿਤਰਿਆ ਗਿਆ ਹੈ, ਜੋ ਆਪਣੀ ਕਿਸਮ ਦੀ ਅਨੋਖੀ ਚੀਜ਼ ਬਣੀ ਹੈ। ਰਾਗ ਜੀਵਨ ਨਾਲ ਇਕ ਰਸ ਹੋਏ ਲੱਗਦੇ ਹਨ ਤੇ ਹਰ ਰਾਗ ਆਪਣੇ **ਨਿਵੇਕਲੇ** ਰੰਗ ਤੇ ਪ੍ਰਤਿਭਾ ਵਿਚ ਪ੍ਰਕਾਸ਼ਮਾਨ ਹੋਇਆ ਹੈ।

(1) ਕੀ ਕਾਂਗੜੇ ਦੇ ਪ੍ਰਾਕ੍ਰਿਤਕ ਦ੍ਰਿਸ਼ ਲੋਕ ਕਲਾਕਾਰਾਂ ਨੂੰ ਪ੍ਰਭਾਵਿਤ ਕਰਦੇ ਰਹੇ ਹਨ ?

(2) ਪਹਾੜੀ ਲੋਕ ਕਲਾ ਵਿਚ ਵਧੇਰੇ ਚਿੱਤਰ ਕਿਸ ਤਰ੍ਹਾਂ ਦੇ ਮਿਲਦੇ ਹਨ ?

(3) ਕਾਂਗੜੇ ਵਿਚ ਚਿੱਤਰ ਕਲਾ ਵਧੇਰੇ ਕਿਉਂ ਵਿਗਸੀ ਹੈ ?

(4) ਪੈਰ੍ਹੇ ਦਾ ਸਿਰਲੇਖ ਲਿਖੋ।

(5) ਔਖੇ ਸ਼ਬਦਾਂ ਦੇ ਅਰਥ ਲਿਖੋ। ਪੈਰ੍ਹੇ ਵਿਚ ਮੋਟੇ ਅੱਖਰਾਂ ਵਿੱਚ ਲਿਖੇ ਹੋਏ ਹਨ। 10

**ਭਾਗ–ਸ**

7. ਉਪਭਾਸ਼ਾ ਕੀ ਹੁੰਦੀ ਹੈ ? ਭਾਸ਼ਾ ਤੇ ਉਪ-ਭਾਸ਼ਾ ਦਾ ਫਰਕ ਸਪੱਸ਼ਟ ਕਰੋ। 10

8. ਉਚਾਰਨ ਲਹਿਜੇ ਦੇ ਆਧਾਰ 'ਤੇ ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ। 10



Scanned with CamScanner